ਪ੍ਰੈੱਸ ਨੋਟ ਨੰਬਰ 1

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ 19 ਦੇ ਸਕੰਟ ਦਾ ਟਾਕਰਾ ਅਸੀਂ ਮਿਲਕੇ ਕਰਾਂਗੇ ਅਤੇ ਜਿੱਤਾਂਗੇ ਮਨਪ੍ਰੀਤ ਸਿੰਘ ਬਾਦਲ

ਲੋੜਵੰਦ ਲੋਕਾਂ ਦੀ ਕੀਤੀ ਜਾ ਰਹੀ ਹਰ ਮਦਦ

ਸੁੱਕਾ ਰਾਸ਼ਨ ਅਤੇ ਪੱਕਿਆ ਭੋਜਨ ਵੰਡਿਆ ਜਾ ਰਿਹਾ ਹੈ

ਸਵੈ ਜਾਬਤੇ ਨਾਲ ਕਰਫਿਊ ਦਾ ਪਾਲਣ ਕਰਨ ਦੀ ਕੀਤੀ ਅਪੀਲ

ਬਠਿੰਡਾ, 1 ਅਪ੍ਰੈਲ :

ਪੰਜਾਬ ਦੇ ਵਿੱਤ ਮੰਤਰੀ ਸ: ਮਨਪ੍ਰੀਤ ਸਿੰਘ ਬਾਦਲ ਨੇ ਅੱਜ ਆਖਿਆ ਕਿ ਕੋਵਿਡ 19 ਬਿਮਾਰੀ ਦੇ ਸੰਕਟ ਦਾ ਟਾਕਰਾ ਅਸੀਂ ਸਾਰੇ ਮਿਲ ਕੇ ਕਰ ਰਹੇ ਹਾਂ ਅਤੇ ਇਸ ਜੰਗ ਵਿਚ ਯਕੀਨਨ ਸਾਡੀ ਜਿੱਤ ਹੋਵੇਗੀ। ਉਨਾਂ ਨੇ ਪੰਜਾਬੀਆਂ ਦੇ ਨਾਂਅ ਜਾਰੀ ਭਾਵੁਕ ਅਪੀਲ ਵਿਚ ਕਿਹਾ ਕਿ ਇਹ ਪੂਰੀ ਕੌਮ ਲਈ ਇਕ ਚੁਣੌਤੀ ਹੈ ਅਤੇ ਅਸੀਂ ਇਸ ਬਿਮਾਰੀ ਨੂੰ ਹਰਾ ਕੇ ਜੇਤੂ ਹੋ ਕੇ ਨਿਕਲਾਂਗੇ।

ਸ: ਬਾਦਲ ਨੇ ਕਿਹਾ ਕਿ ਇਸ ਮੌਕੇ ਭੁੱਖ ਅਤੇ ਤਨਾਅ ਦੋ ਵੱਡੇ ਫਿਕਰ ਹਨ। ਇਸ ਦੇ ਮੁਕਾਬਲੇ ਲਈ ਜਿੱਥੇ ਸਰਕਾਰੀ ਪੱਧਰ ਤੇ ਅਸੀਂ ਯਤਨਸ਼ੀਲ ਹਾਂ ਉਥੇ ਹੀ ਸਾਡਾ ਸਮਾਜ ਵੀ ਪੰਜਾਬ ਦੀ ਰਵਾਇਤ ਅਨੁਸਾਰ ਯੋਗਦਾਨ ਪਾ ਰਿਹਾ ਹੈ। ਉਨਾਂ ਨੇ ਅਪੀਲ ਕੀਤੀ ਕਿ ਸਰਕਾਰ ਨੂੰ ਕਰਫਿਊ ਆਪਣੇ ਲੋਕਾਂ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣ ਹੀ ਲਗਾਉਣਾ ਪਿਆ ਹੈ ਅਤੇ ਲੋਕ ਇਸ ਦੀ ਸਵੈ ਜਾਬਤੇ ਨਾਲ ਪਾਲਣਾ ਕਰਨ। ਉਨਾਂ ਨੇ ਕਿਹਾ ਕਿ ਸਰਕਾਰੀ ਪੱਧਰ ਤੇ ਹਰ ਉਹ ਉਪਰਾਲਾ ਕੀਤਾ ਜਾਵੇਗਾ ਜਿਸ ਨਾਲ ਸਾਡੇ ਲੋਕਾਂ ਦੀ ਮਦਦ ਕੀਤੀ ਜਾ ਸਕੇ।

ਵਿੱਤ ਮੰਤਰੀ ਨੇ ਹੋਰ ਦੱਸਿਆ ਕਿ ਬੀਤੇ ਕੱਲ ਬਠਿੰਡਾ ਵਿਚ 13000 ਦੇ ਲਗਭਗ ਲੋਕਾਂ ਨੂੰ ਪੱਕਿਆ ਹੋਇਆ ਭੋਜਨ ਮੁਹਈਆ ਕਰਵਾਇਆ ਗਿਆ ਜਦ ਕਿ ਹੁਣ ਤੱਕ 5000 ਤੋਂ ਜਿਆਦਾ ਸੁੱਕੇ ਰਾਸ਼ਨ ਦੇ ਪੈਕਟ ਲੋੜਵੰਦ ਲੋਕਾਂ ਨੂੰ ਉਪਲਬੱਧ ਕਰਵਾਏ ਜਾ ਚੁੱਕੇ ਹਨ। ਉਨਾਂ ਨੇ ਦੱਸਿਆ ਕਿ ਹੰਸ ਨਗਰ ਵਿਚ 200, ਗੁਰੂ ਨਾਨਕ ਨਗਰ ਵਿਚ 200, ਗੁਰੂ ਕੀ ਨਗਰੀ ਵਿਚ 100, ਧੋਬੀਆਣਾ ਬਸਤੀ ਵਿਚ 200, ਸੰਗੂਆਣਾ ਬਸਤੀ ਵਿਚ 200, ਲਾਲ ਸਿੰਘ ਬਸਤੀ ਵਿਚ 200, ਜਨਤਾ ਨਗਰ ਵਿਚ 350, ਪਰਸਰਾਮ ਨਗਰ ਵਿਚ 150, ਸੰਜੇ ਨਗਰ ਵਿਚ 150, ਗੋਪਾਲ ਨਗਰ ਵਿਚ 50, ਗੁਰੂ ਗੋਬਿੰਦ ਸਿੰਘ ਨਗਰ 60 ਅਤੇ ਪਾਵਰ ਹਾਊਸ ਰੋਡ ਤੇ 50 ਘਰਾਂ ਵਿਚ ਬੀਤੇ ਕਲ ਭੋਜਨ ਦਿੱਤਾ ਗਿਆ ਹੈ। ਇਸੇ ਤਰਾਂ ਬੁੱਧਵਾਰ ਨੂੰ ਸੁਰਖਪੀਰ ਰੋਡ ਤੇ 200, ਘਨਈਆਂ ਨਗਰ ਵਿਚ 300, ਪਰਿੰਦਾ ਰੋਡ ਤੇ 150, ਸੁਭਾਸ਼ ਬਸਤੀ ਵਿਚ 200, ਸੁੱਚਾ ਸਿੰਘ ਨਗਰ ਵਿਚ 150, ਧੋਬੀਆਣਾ ਬਸਤੀ 200, ਗੁੁਰੂ ਗੋਬਿੰਦ ਸਿੰਘ ਨਗਰ 150, ਬਾਲਾ ਰਾਮ ਨਗਰ 150, ਸੰਜੇ ਨਗਰ ਵਿਚ 200, ਖੇਤਾਸਿੰਘ ਬਸਤੀ ਕੱਚੀ ਕਲੋਨੀ ਵਿਚ 200 ਲੋਕਾਂ ਨੂੰ, ਗੋਪਾਲ ਨਗਰ ਵਿਚ 200 ਅਤੇ ਪਾਰਸ ਰਾਮ ਨਗਰ ਵਿਚ 200 ਲੋਕਾਂ ਨੂੰ ਰਾਸ਼ਨ ਮੁਹਈਆ ਕਰਵਾਇਆ ਗਿਆ।

ਵਿੱਤ ਮੰਤਰੀ ਨੇ ਕਿਹਾ ਕਿ ਇਸ ਮੌਕੇ ਇਸ ਔਖੀ ਘੜੀ ਵਿਚ ਮਾਨਵਤਾ ਦੀ ਸੇਵਾ ਵਿਚ ਸਮੂਚੇ ਪ੍ਰਸ਼ਾਸਨ ਤੋਂ ਇਲਾਵਾ ਸਾਡੇ ਸਮਾਜ ਸੇਵੀ ਵੀ ਆਪਣੀ ਵੱਢਮੁੱਲਾ ਸਹਿਯੋਗ ਕਰ ਰਹੇ ਹਨ। ਉਨਾਂ ਨੇ ਕਿਹਾ ਕਿ ਲੋੜਵੰਦ ਦੀ ਸਹਾਇਤਾ ਦੀ ਇਸੇ ਭਾਵਨਾ ਨਾਲ ਆਪਾਂ ਸਭ ਨੇ ਅੱਗੇ ਵੀ ਕੰਮ ਕਰਨਾ ਹੈ ਤਾਂ ਜੋ ਮਨੁੱਖਤਾ ਤੇ ਆਏ ਇਸ ਖਤਰੇ ਨੂੰ ਟਾਲਿਆ ਜਾ ਸਕੇ ਅਤੇ ਅਸੀਂ ਵਾਪਸ ਸਮਾਜ ਨੂੰ ਆਮ ਜਿੰਦਗੀ ਵਿਚ ਲੈ ਜਾ ਸਕੀਏ।

ਪ੍ਰੈੱਸ ਨੋਟ ਨੰਬਰ 2

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਜੋਮੈਟੋ ਤੋਂ ਬਾਅਦ ਸਵਿਗੀ ਵੱਲੋਂ ਵੀ ਬੰਠਿਡਾ ਚ ਰਾਸ਼ਨ ਦੀ ਘਰੋ ਘਰ ਸਪਲਾਈ ਸ਼ੁਰੂ

ਡਿਪਟੀ ਕਮਿਸ਼ਨਰ ਨੇ ਰਵਾਨਾ ਕੀਤੀ ਟੀਮ

ਲੋਕਾਂ ਨੂੰ ਘਰਾਂ ਵਿਚ ਰਹਿਣ ਦੀ ਅਪੀਲ

ਬਠਿੰਡਾ, 1 ਅਪ੍ਰੈਲ :

ਬਠਿੰਡਾ ਸ਼ਹਿਰ ਵਿਚ ਰਾਸ਼ਨ ਦੀ ਘਰੋ ਘਰੀ ਸਪਲਾਈ ਕਰਨ ਲਈ ਹੁਣ ਜੋਮੈਟੋ ਐਪ ਤੋਂ ਬਾਅਦ ਸਵੀਗੀ ਐਪ ਤੋਂ ਵੀ ਸੇਵਾ ਸੁਰੂ ਹੋ ਚੁੱਕੀ ਹੈ। ਇਸ ਸਬੰਧੀ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਸਵੀਗੀ ਟੀਮ ਨੂੰ ਰਵਾਨਾ ਕੀਤਾ। ਇਸ ਮੌਕੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਜ਼ਿਲੇ ਵਿਚ ਸਮੂਚੇ ਤੌਰ ਤੇ ਸਾਰੀਆਂ ਬੁਨਿਆਦੀ ਵਸਤਾਂ ਦੀ ਸਪਲਾਈ ਲਾਈਨ ਪੂਰੀ ਤਰਾਂ ਬਹਾਲ ਹੋ ਚੁੱਕੀ ਹੈ। ਉਨਾਂ ਨੇ ਦੱਸਿਆ ਕਿ ਸ਼ਹਿਰ ਵਿਚ ਹੁਣ ਤੱਕ ਦੋ ਦਰਜਨ ਸਟੋਰ ਰਾਸ਼ਨ ਦੀ ਘਰੋ ਘਰੀ ਸਪਲਾਈ ਕਰ ਰਹੇ ਹਨ ਜਦ ਕਿ ਦੋ ਮੋਬਾਇਲ ਐਪ ਰਾਹੀਂ ਵੀ ਲੋਕ ਘਰ ਬੈਠੇ ਰਾਸ਼ਨ ਮੰਗਵਾ ਸਕਦੇ ਹਨ। ਉਨਾਂ ਨੇ ਜ਼ਿਲਾ ਵਾਸੀਆਂ ਨੂੰ ਵਿਸਵਾਸ਼ ਦੁਆਇਆ ਕਿ ਪ੍ਰਸ਼ਾਸਨ ਉਨਾਂ ਦੀ ਸਹੁਲਤ ਲਈ ਹਰ ਉਪਰਾਲਾ ਕਰ ਰਿਹਾ ਹੈ ਪਰ ਲੋਕ ਇਸ ਮੁਸਕਿਲ ਸਮੇਂ ਸੰਜਮ ਬਣਾਈ ਰੱਖਣ ਅਤੇ ਘਰ ਦੇ ਅੰਦਰ ਹੀ ਰਹਿਣ।

ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲਾ ਵਾਸੀਆਂ ਨੂੰ ਕਿਹਾ ਕਿ ਸਾਡੇ ਵੱਲੋਂ ਘਰ ਰਹਿਣ ਦੀ ਝੱਲੀ ਗਈ ਕੁਝ ਦਿਨਾਂ ਦੀ ਔਖ ਸਾਨੂੰ ਵੱਡੇ ਖਤਰਨਾਕ ਸੰਕਟ ਤੋਂ ਬਚਾ ਲਵੇਗੀ। ਉਨਾਂ ਨੇ ਅਪੀਲ ਕੀਤੀ ਕਿ ਹਰ ਕੋਈ ਨਾਗਰਿਕ ਸਖ਼ਤੀ ਨਾਲ ਕਰਫਿਊ ਦਾ ਪਾਲਣ ਕਰੇ।

ਪ੍ਰੈੱਸ ਨੋਟ ਨੰਬਰ 3

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕਰਫਿਊ ਦੌਰਾਨ ਬੇਸਹਾਰਾ ਜਾਨਵਰਾਂ ਤੱਕ ਵੀ ਪਹੁੰਚ ਰਿਹਾ ਹੈ ਚਾਰਾ

ਅੰਡਿਆਂ ਦੀ ਹੋਮ ਡਲੀਵਰੀ ਸ਼ੁਰੂ

ਬਠਿੰਡਾ, 1 ਅਪ੍ਰੈਲ :

ਕੋਵਿਡ 19 ਬਿਮਾਰੀ ਦੇ ਪਸਾਰ ਨੂੰ ਰੋਕਣ ਲਈ ਲਗਾਏ ਗਏ ਕਰਫਿਊ ਦੌਰਾਨ ਬੇਸਹਾਰਾ ਜਾਨਵਰਾਂ ਤੱਕ ਚਾਰੇ ਦੀ ਪਹੁੰਚ ਯਕੀਨੀ ਬਣਾਉਣ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਪਸ਼ੂ ਪਾਲਣ ਵਿਭਾਗ ਦੇ ਮਾਰਫ਼ਤ ਸਮਾਜ ਸੇਵੀ ਸੰਸਥਾਵਾਂ ਅਤੇ ਨਗਰ ਨਿਗਮ ਦੇ ਸਹਿਯੋਗ ਨਾਲ ਪ੍ਰਬੰਧ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀ ਨਿਵਾਸਨ ਨੇ ਦਿੱਤੀ। ਉਨਾਂ ਨੇ ਕਿਹਾ ਕਿ ਜ਼ਿਲੇ ਦੀਆਂ ਗਊਸ਼ਾਲਾਵਾਂ ਨਾਲ ਵਿਭਾਗ ਲਗਾਤਾਰ ਰਾਬਤੇ ਵਿਚ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸੇ ਵੀ ਗਊਸਾਲਾ ਵਿਚ ਚਾਰੇ ਦੀ ਘਾਟ ਨਾ ਆਵੇ। ਉਨਾਂ ਨੇ ਕਿਹਾ ਕਿ ਫਿਲਹਾਲ ਸਾਰੀਆਂ ਗਊਸਾਲਾਵਾਂ ਵਿਚ ਖਾਧ ਖੁਰਾਕ ਉਪਲਬੱਧ ਹੈ।

ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡਾ: ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲੇ ਦੀਆਂ ਗਊਸਾਲਾਵਾਂ ਵਿਚ ਫਿਲਹਾਲ ਜਰੂਰਤ ਅਨੁਸਾਰ ਚਾਰੇ ਦਾ ਸਟਾਕ ਵੀ ਹੈ ਅਤੇ ਸਪਲਾਈ ਵੀ ਸ਼ੁਰੂ ਹੋ ਚੁੱਕੀ ਹੈ। ਉਨਾਂ ਨੇ ਕਿਹਾ ਕਿ ਜ਼ਿਲੇ ਵਿਚ ਵਿਭਾਗ ਇਸ ਸਬੰਧੀ ਲੋੜੀਂਦੇ ਪ੍ਰਬੰਧ ਕਰ ਰਿਹਾ ਹੈ। ਉਨਾਂ ਨੇ ਕਿਹਾ ਕਿ ਇਸ ਤੋਂ ਬਿਨਾਂ ਗਊਸਾਲਾਵਾਂ ਤੋਂ ਬਾਹਰ ਰਹਿ ਰਹੇ ਬੇਸਹਾਰਾ ਜਾਨਵਰਾਂ ਲਈ ਚਾਰੇ ਦਾ ਪ੍ਰਬੰਧ ਕਰਵਾਇਆ ਜਾ ਰਿਹਾ ਹੈ। ਉਨਾਂ ਨੇ ਦੱਸਿਆ ਕਿ ਇਸ ਕੰਮ ਵਿਚ ਨਗਮ ਨਿਗਮ ਤੋਂ ਇਲਾਵਾ ਸਮਾਜਿਕ ਸੰਸਥਾਵਾਂ ਦਾ ਸਹਿਯੋਗ ਵੀ ਬਹੁਤ ਮਹੱਤਵਪੂਰਨ ਤਰੀਕੇ ਨਾਲ ਮਿਲ ਰਿਹਾ ਹੈ। ਉਨਾਂ ਨੇ ਕਿਹਾ ਕਿ ਛੋਟੀਆਂ ਗਲੀਆਂ ਵਿਚ ਵੀ ਬੇਸਹਾਰਾ ਜਾਨਵਰਾਂ ਤੱਕ ਚਾਰਾ ਪੁੱਜੇ ਇਸ ਲਈ ਛੋਟੇ ਹਾਥੀ ਦੀ ਵਿਵਸਥਾ ਵੀ ਕੀਤੀ ਗਈ ਹੈ।

ਡਾ: ਅਮਰੀਕ ਸਿੰਘ ਨੇ ਹੋਰ ਦੱਸਿਆ ਕਿ ਦੁੱਧ ਉਤਪਾਦਕ ਕਿਸਾਨਾਂ ਤੋਂ ਦੁੱਧ ਦੀ ਖਰੀਦ ਯਕੀਨੀ ਬਣਾਉਣ ਲਈ ਜਿੱਥੇ ਵੇਰਕਾ ਨੇ ਖਰੀਦ ਵਧਾਈ ਹੈ ਉਥੇ ਹੀ ਹੋਰਨਾਂ ਨੂੰ ਵੀ ਪਿੰਡਾਂ ਤੋਂ ਦੁੱਧ ਦੀ ਖਰੀਦ ਦੀ ਆਗਿਆ ਦਿੱਤੀ ਗਈ ਹੈ। ਉਨਾਂ ਨੇ ਦੱਸਿਆ ਕਿ ਅੰਡਿਆਂ ਅਤੇ ਹੋਰ ਅਜਿਹੇ ਉਤਪਾਦਾਂ ਦੀ ਹੋਮ ਡਲੀਵਰੀ ਵੀ ਸ਼ੁਰੂ ਕਰਵਾਈ ਜਾ ਚੁੱਕੀ ਹੈ।

ਪ੍ਰੈਸ ਨੋਟ ਨੰਬਰ 4

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਪੰਜਾਬ ਸਰਕਾਰ ਵਲੋਂ ਸਰੱਬਤ ਸਿਹਤ ਬੀਮਾ ਯੋਜਨਾ ਅਧੀਨ ਇਲਾਜ ਕਰਵਾਉਣ ਤੋਂ ਪਹਿਲਾਂ ਮਰੀਜ਼ਾਂ ਦੀ ਬਾਇਓਮੈਟ੍ਰਿਕ ਤਸਦੀਕ ਦੀ ਪ੍ਰਕਿਰਿਆ ਤੋਂ ਛੋਟ

ਬਠਿੰਡਾ, 1 ਅਪ੍ਰੈਲ : ਨੋਵਲ ਕੋਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜਰ ਪੰਜਾਬ ਸਰਕਾਰ ਨੇ ਸਰੱਬਤ ਸਿਹਤ ਬੀਮਾ ਯੋਜਨਾ ਅਧੀਨ ਆਉਂਦੇ ਸੂਚੀਬੱਧ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਤੋਂ ਪਹਿਲਾਂ ਮਰੀਜਾਂ ਦੀ ਬਾਇਓਮੈਟ੍ਰਿਕ ਤਸਦੀਕ ਦੀ ਪ੍ਰਕਿਰਿਆ ਤੋਂ ਛੋਟ ਦੇਣ ਦੇ ਨਿਰਦੇਸ਼ ਦਿੱਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਅਮਰੀਕ ਸਿੰਘ ਸੰਧੂ ਨੇ ਕਿਹਾ ਕਿ ਸਿਹਤ ਮੰਤਰੀ ਪੰਜਾਬ ਬਲਬੀਰ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਬੱਤ ਸਿਹਤ ਬੀਮਾ ਯੋਜਨਾ ਅਧੀਨ ਯੋਗ ਮਰੀਜ਼ਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਮਰੀਜ਼ ਦੇ ਹਸਪਤਾਲ ਵਿੱਚ ਦਾਖਲ ਜਾਂ ਡਿਸਚਾਰਜ ਹੋਣ ਸਮੇਂ ਉਸ ਦੀ ਬਾਇਓਮੀਟ੍ਰਿਕ ਤਸਦੀਕ ਕਰਨ ਦੀ ਪ੍ਰਕਿਰਿਆ ਤੋਂ ਆਰਜ਼ੀ ਤੌਰ 'ਤੇ ਛੋਟ ਦਿੱਤੀ ਗਈ ਹੈ।

ਇਸ ਯੋਜਨਾ ਅਧੀਨ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਹੁਣ ਸਿਰਫ ਈ-ਕਾਰਡ ਨੰਬਰ ਦੇ ਅਧਾਰ ਤੇ ਕੀਤੀ ਜਾਏਗੀ। ਸਾਰੇ ਸੂਚੀਬੱਧ ਹਸਪਤਾਲ ਨੂੰ ਇਸ ਫੈਸਲੇ ਬਾਰੇ ਜਾਣੂ ਕਰਵਾ ਦਿਤਾ ਗਿਆ ਹੈ। ਡਾ: ਸੰਧੂ ਨੇ ਕਿਹਾ ਕਿ ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੋਰੋਨਾ ਵਾਇਰਸ ਦੇ ਫੈਲਾਅ ਦੇ ਮੱਦੇਨਜਰ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਕੰਮ ਦੇ ਭਾਰੀ ਬੋਝ ਨੂੰ ਵੇਖਦਿਆਂ ਸੂਬਾ ਸਰਕਾਰ ਵੱਲੋਂ ਜਣੇਪੇ ਨਾਲ ਸਬੰਧਤ ਨਿਰਧਾਰਤ ਹੈਲਥ ਪੈਕੇਜਾਂ ਅਧੀਨ ਕੀਤੇ ਜਾਂਦੇ ਇਲਾਜ ਜੋ ਪਹਿਲਾਂ ਸਰਕਾਰੀ ਹਸਪਤਾਲਾਂ ਵਿੱਚ ਹੀ ਕੀਤਾ ਜਾਂਦਾ ਹੈ, ਨੂੰ ਰਾਖਵੇਂਕਰਨ ਦੇ ਦਾਇਰੇ ਤੋਂ ਬਾਹਰ ( ਡੀ-ਰਿਜ਼ਰਵ) ਕੀਤਾ ਗਿਆ ਹੈ। ਇਸ ਡੀ-ਰਿਜ਼ਰਵ ਟਰੀਟਮੈਂਟ ਵਿੱਚ ਸਾਧਰਨ ਡਿਲਿਵਰੀ, ਸੀਜੇਰੀਅਨ ਡਿਲਿਵਰੀ ਅਤੇ ਉੱਚ ਜੋਖਮ ਡਿਲਿਵਰੀ ਆਦਿ ਸ਼ਾਮਲ ਹਨ। ਜਿਸ ਵਿੱਚ ਹੁਣ ਗਰਭਵਤੀ ਔਰਤਾਂ ਦੀ ਸੁਰੱਖਿਆ ਲਈ ਇਲਾਜ ਦੀ ਇਹ ਸੁਵਿਧਾ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਅਧੀਨ ਸੂਚੀਬੱਧ ਪ੍ਰਾਇਵੇਟ ਹਸਪਤਾਲ ਤੋਂ ਲਈ ਜਾ ਸਕਦੀ ਹੈ। ਜਿਸ ਲਈ ਸਰਕਾਰੀ ਹਸਪਤਾਲ ਕੋਈ ਰੈਫ਼ਰਲ ਪ੍ਰਾਪਤ ਕਰਨ ਦੀ ਲੋੜ ਨਹੀਂ।

ਉਨਾਂ ਕਿਹਾ ਕਿ ਲਾਭਪਾਤਰੀ ਉਕਤ ਇਲਾਜ ਲਈ ਕਿਸੇ ਵੀ ਸੂਚੀਬੱਧ ਪ੍ਰਾਇਵੇਟ ਹਸਪਤਾਲ ਵਿਚ ਜਾ ਸਕਦੇ ਹਨ। ਇਹ ਫ਼ੈਸਲੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਲੋਕ ਹਿੱਤ ਵਿੱਚ ਲਏ ਹਨ ਅਤੇ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।

ਪ੍ਰੈਸ ਨੋਟ ਨੰਬਰ 5

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ-19

ਸਮਾਜਿਕ ਦੂਰੀ ਰੱਖਣ ਲਈ ਪਿੰਡ ਪੱਧਰ 'ਤੇ ਵੀ ਵਰਤੀਆਂ ਜਾ ਰਹੀਆਂ ਹਨ ਸਾਵਧਾਨੀਆਂ

ਸਰਕਾਰੀ ਹਦਾਇਤਾਂ ਦੀ ਕੀਤੀ ਜਾ ਰਹੀ ਹੈ ਪਾਲਣਾ

ਬਠਿੰਡਾ, 1 ਅਪ੍ਰੈਲ : ਡਿਪਟੀ ਕਮਿਸ਼ਨਰ ਸ੍ਰੀ ਬੀ.ਸ੍ਰੀਨਿਵਾਸਨ ਨੇ ਦੱਸਿਆ ਕਿ ਵਿਸ਼ਵ ਵਿਆਪੀ ਮਹਾਮਾਰੀ ਦਾ ਰੂਪ ਧਾਰਨ ਚੁੱਕੇ ਕਰੋਨਾ ਵਾਇਰਸ ਤੋਂ ਬਚਾਅ ਲਈ ਜ਼ਿਲੇ ਵਿੱਚ ਪਿੰਡ ਪੱਧਰ 'ਤੇ ਵੀ ਲੋਕ ਪੂਰੀ ਤਰਾਂ ਚੁਕੱਨੇ ਹੋ ਚੁੱਕੇ ਹਨ। ਇਸ ਮਹਾਮਾਰੀ ਦੇ ਪ੍ਰਕੋਪ ਤੋਂ ਬਚਣ ਲਈ ਸਰਕਾਰ ਵਲੋਂ ਮਿਲੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਪੇਂਡੂ ਲੋਕਾਂ ਵਲੋਂ ਵੀ ਸਮਾਜਿਕ ਦੂਰੀ ਰੱਖ ਕੇ ਸਾਵਧਾਨੀਆਂ ਵਰਤੀਆਂ ਜਾ ਰਹੀਆਂ ਹਨ। ਇਸ ਦੌਰਾਨ ਉਨਾਂ ਜ਼ਿਲੇ ਦੇ ਸਮੂਹ ਪਿੰਡ ਵਾਸੀਆਂ ਸੁਚੇਤ ਕਰਦਿਆਂ ਅਪੀਲ ਵੀ ਕੀਤੀ ਕਿ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਵਲੋਂ ਇਸ ਸੰਕਟ ਘੜੀ ਵਿਚ ਜੋ ਵੀ ਖ਼ਾਸ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਉਹ ਸਾਰੀਆਂ ਤੁਹਾਡੀ ਸਿਹਤ ਨੂੰ ਮੁੱਖ ਰੱਖ ਕੇ ਕੀਤੀਆਂ ਜਾਂਦੀਆਂ ਹਨ। ਜ਼ਿਲਾ ਪ੍ਰਸ਼ਾਸਨ ਨੂੰ ਸਹਿਯੋਗ ਦਿੰਦਿਆਂ ਇਨਾਂ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਕਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਲਗਾਏ ਗਏ ਕਰਫ਼ਿਊ ਦੌਰਾਨ ਜ਼ਿਲੇ ਅੰਦਰ ਪਿੰਡ ਪੱਧਰ 'ਤੇ ਕੀਤੇ ਜਾ ਰਹੇ ਰਾਹਤ ਕਾਰਜਾਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲਾ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਹਰਜਿੰਦਰ ਸਿੰਘ ਜੱਸਲ ਨੇ ਦੱਸਿਆ ਕਿ ਕਿਸੇ ਵੀ ਲੋੜਵੰਦ ਤੇ ਗ਼ਰੀਬ ਨੂੰ ਭੁੱਖਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨਾਂ ਇਹ ਵੀ ਸਪੱਸ਼ਟ ਕੀਤਾ ਕਿ ਭਾਵੇਂ ਪਿੰਡ ਪੱਧਰ 'ਤੇ ਆਮ ਲੋਕਾਂ ਵਲੋਂ ਘਰ ਰਹਿਣ ਨੂੰ ਹੀ ਤਰਜ਼ੀਹ ਦਿੱਤੀ ਜਾ ਰਹੀ ਹੈ ਪਰ ਫ਼ਿਰ ਵੀ ਜੇਕਰ ਕਿਸੇ ਜ਼ਰੂਰੀ ਕੰਮ ਲਈ ਉਨਾਂ ਨੂੰ ਕਿਧਰੇ ਬਾਹਰ ਨਿਕਲਣਾ ਪਵੇ ਤਾਂ ਉਨਾਂ ਵਲੋਂ ਚੌਕਸੀ ਵਰਤਦਿਆਂ ਪੂਰੀ ਸਮਾਜਿਕ ਦੂਰੀ ਬਣਾ ਕੇ ਰੱਖੀ ਜਾ ਰਹੀ ਰਹੀ ਹੈ।

ਸ੍ਰੀ ਜੱਸਲ ਨੇ ਦੱਸਿਆ ਕਿ ਪਿੰਡਾਂ ਦੀ ਮੌਜੂਦਾ ਸਥਿਤੀ ਦੀ ਗੱਲ ਕਰਦਿਆਂ ਦੱਸਿਆ ਕਿ ਹਰੇਕ ਪਿੰਡ ਵਿੱਚ ਲੋਕ ਇਸ ਇਸ ਮਹਾਮਾਰੀ ਤੋਂ ਬਚਾਅ ਲਈ ਪੂਰੀ ਤਰਾਂ ਜਾਗਰੂਕ ਤੇ ਚੌਕਸ ਹਨ। ਖੇਤਾਂ ਵਿੱਚੋਂ ਪਸ਼ੂਆਂ ਲਈ ਚਾਰਾ ਆਦਿ ਲਿਆਉਣ ਸਮੇਂ ਕਿਸਾਨਾਂ ਵਲੋਂ ਪੂਰੀ ਸਾਵਧਾਨੀ ਵਰਤੀ ਜਾ ਰਹੀ ਹੈ। ਇਸ ਤੋਂ ਇਲਾਵਾ ਲੋਕਾਂ ਵਲੋਂ ਡੇਅਰੀ 'ਤੇ ਦੁੱਧ ਲਿਆਉਣ ਜਾਂ ਪਾਉਣ ਸਮੇਂ ਪੂਰੀ ਤਰਾਂ ਚੌਕਸੀ ਵਰਤੀ ਜਾ ਰਹੀ ਹੈ। ਸਬਜ਼ੀਆਂ ਅਤੇ ਦਵਾਈ ਆਦਿ ਲੈਣ ਸਮੇਂ ਵੀ ਆਪਣੀ ਸਿਹਤ ਦਾ ਖ਼ਾਸ ਖਿਆਲ ਰੱਖਦਿਆਂ ਪੂਰੀ ਮੁਸਤੈਦੀ ਨਾਲ ਇੱਕ ਦੂਜੇ ਤੋਂ ਦੂਰੀ ਬਣਾ ਕੇ ਰੱਖੀ ਜਾ ਰਹੀ ਹੈ। ਇਸ ਤੋਂ ਇਲਾਵਾ ਲੋਕਾਂ ਵਲੋਂ ਆਪਣੇ ਆਪ ਨੂੰ ਤੇ ਪਿੰਡਾਂ ਨੂੰ ਵੀ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਜ਼ਿਲੇ ਦੇ ਪਿੰਡਾਂ ਵਿਚ ਵਰਤੀਆਂ ਜਾ ਰਹੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲਾ ਵਿਕਾਸ ਅਫ਼ਸਰ ਨੇ ਦੱਸਿਆ ਕਿ ਪਿੰਡ ਅਬਲੂ ਦੇ ਏ.ਟੀ.ਐਮ. ਵਿਖੇ ਲੋਕਾਂ ਵਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਇਕ ਦੂਜੇ ਤੋਂ ਦੂਰੀ ਬਣਾਈ ਰੱਖਣ ਲਈ ਸਪੈਸ਼ਲ ਬਾਕਸ ਬਣਾਏ ਗਏ ਹਨ। ਇਸ ਤੋਂ ਇਲਾਵਾ ਜ਼ਿਲੇ ਦੇ ਪਿੰਡ ਲਹਿਰਾ ਬੇਗਾ ਵਿਖੇ ਵੀ ਲੋਕਾਂ ਵਲੋਂ ਦੁਕਾਨ ਤੋਂ ਲੋੜੀਂਦਾ ਸਮਾਨ ਲੈਣ ਲਈ ਦੂਰੀ ਰੱਖ ਕੇ ਹੀ ਆਪਣੇ ਸਮਾਨ ਦੀ ਖ਼ਰੀਦੋ-ਫਰੋਖਤ ਕੀਤੀ ਜਾ ਰਹੀ ਹੈ।